National Research Journal of Social Sciences
Volume-11, Issue-1, January-June 2026
PP: 300-303

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਬ੍ਰਹਮ ਦਾ ਸਰੂਪ

**ਸੌਰਵ ਦਾਦਰੀ**

ਸਹਾਇਕ ਪ੍ਰੋਫੈਸਰ
ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ, ਗੜ੍ਹਸ਼ੰਕਰ

**ਅਮੂਰਤ**

ਇਹ ਖੋਜ-ਪੱਤਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਬ੍ਰਹਮ ਦੇ ਸਰੂਪ ਬਾਰੇ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਇਸ ਅਧਿਐਨ ਰਾਹੀਂ ਗੁਰੂ ਜੀ ਦੀ ਬਾਣੀ ਅਨੁਸਾਰ ਬ੍ਰਹਮ ਦੀ ਪਰਿਭਾਸ਼ਾ, ਉਸ ਦੀ ਪ੍ਰਾਪਤੀ ਦੇ ਸਾਧਨ ਅਤੇ ਉਸ ਨਾਲ ਹੋਣ ਵਾਲੀ ਇਕਮਿਕਤਾ ਦੀ ਵਿਆਖਿਆ ਕੀਤੀ ਗਈ ਹੈ। ਵਿਧੀ ਦੇ ਤੌਰ 'ਤੇ ਗੁਣਾਤਮਕ ਵਿਸ਼ਲੇਸ਼ਣ ਦੀ ਵਰਤੋਂ ਕਰਦਿਆਂ, ਬਾਣੀ ਦੇ ਹਵਾਲਿਆਂ ਸਹਿਤ ਦਰਸਾਇਆ ਗਿਆ ਹੈ ਕਿ ਬ੍ਰਹਮ ਨਿਰਾਕਾਰ ਹੈ ਅਤੇ ਇਸ ਦੀ ਪ੍ਰਾਪਤੀ ਸਿਰਫ ਗੁਰੂ ਦੀ ਸ਼ਰਨ ਵਿੱਚ ਪੈਣ ਦੁਆਰਾ ਹੀ ਸੰਭਵ ਹੈ।

**ਕੁੰਜੀ ਸ਼ਬਦ** : ਬ੍ਰਹਮ, ਸਰੂਪ, ਨਿਰਾਕਾਰ, ਆਤਮਾ, ਗੁਰਮਤਿ, ਇਕਮਿਕਤਾ, ਸ਼ਰਨ

ਪਰਮਾਤਮਾ ਕੀ ਹੈ?, ਪਰਮਾਤਮਾ ਦੀ ਹੋਂਦ ਹੈ ਵੀ ਜਾਂ ਨਹੀਂ?, ਜੇ ਹੈ ਤਾਂ ਪਰਮਾਤਮਾ ਦਾ ਸਰੂਪ ਕਿਹੋ ਜਿਹਾ ਹੈ? ਅਜਿਹੇ ਅਨੇਕਾਂ ਹੋਰ ਪ੍ਰਸ਼ਨ ਵੀ ਮੁੱਢ ਤੋਂ ਹੀ ਮਨੁੱਖੀ ਮਨ ਵਿੱਚੋਂ ਉੱਠਦੇ ਰਹੇ ਹਨ। ਸਮੇਂ-ਸਮੇਂ 'ਤੇ ਰੱਬੀ ਭਗਤਜਨਾਂ, ਸੰਤਾਂ - ਮਹਾਂਪੁਰਸ਼ਾਂ ਨੇ ਮਨੁੱਖ ਨੂੰ ਬ੍ਰਹਮ ਦਾ ਗਿਆਨ ਦੇ ਕੇ ਇਸ ਅਗਿਆਨਤਾ ਦੇ ਪਰਦੇ ਨੂੰ ਚਾਕ ਕੀਤਾ ਹੈ। ਪਰਮਾਤਮਾ ਅਟੱਲ ਸੱਚਾਈ ਹੈ,ਮਹਾਂਪੁਰਖਾਂ ਦੇ ਰੂਪ ਵਿੱਚ ਤਬਦੀਲੀ ਆਉਂਦੀ ਰਹੀ ਪਰ ਸੱਚ ਦਾ ਸੰਦੇਸ਼ ਨਿਰੰਤਰ ਉਹੀ ਰਿਹਾ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸਮੁੱਚੀ ਬਾਣੀ ਅੰਦਰ ਪਰੀਪੂਰਨ ਪਰਮਾਤਮਾ ਅਥਵਾ ਬ੍ਰਹਮ ਦੇ ਸਰੂਪ ਦਾ ਵਰਨਣ ਥਾਂ ਪੁਰ ਥਾਂ ਮਿਲਦਾ ਹੈ। ਕੇਵਲ ਵਰਨਣ ਹੀ ਨਹੀਂ ਸਗੋਂ ਇਸ ਦੀ ਪ੍ਰਾਪਤੀ ਅਤੇ ਇਸ ਪ੍ਰਾਪਤੀ ਉਪਰੰਤ ਇਕਮਿਕਤਾ ਤੱਕ ਪਹੁੰਚਣ ਦਾ ਮਾਰਗ ਦਰਸ਼ਨ ਵੀ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਅਨੁਸਾਰ ਬ੍ਰਹਮ - ਨਿਰਗੁਣ, ਨਿਰਾਕਾਰ ਹੈ, ਜਿਸ ਦੀ ਪ੍ਰਾਪਤੀ ਸਤਿਗੁਰੂ ਦੀ ਕਿਰਪਾ ਸਦਕਾ ਹੀ ਸੰਭਵ ਹੈ।

ਰਾਮਦਾਸ ਨਿਰਾਕਾਰੀ ਅਨੁਸਾਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਭਗਤੀਵਾਦ ਦਾ ਜਿਹੜਾ ਸਰੂਪ ਦਿੱਸਦਾ ਹੈ, ਉਹ ਨਿਰਗੁਣ ਅਤੇ ਸਰਗੁਣ ਭਗਤੀਆਂ ਦਾ ਮਿਲਿਆ ਹੋਇਆ ਰੂਪ ਹੈ, ਕਿਉਂਕਿ ਉਹ ਈਸ਼ਵਰ ਨੂੰ ਨਿਰਗੁਣ,ਨਿਰਾਕਾਰ, ਨਿਰੰਜਨ ਆਦਿ ਮੰਨਦਿਆਂ ਹੋਇਆਂ ਕਹਿੰਦੇ ਹਨ ਕਿ ਉਸ ਪਰਮਾਤਮਾ ਨੂੰ ਜੋਗੀ ਖੋਜ-ਖੋਜ ਕੇ ਹਾਰ ਗਏ ਹਨ, ਅਤੇ ਉਸਦੇ ਪਾਰ ਨੂੰ ਨਹੀਂ ਪਾ ਸਕੇ, ਪਰ ਉਹ ਸਭ ਦਾ ਸੁਆਮੀ ਸਭ ਦੇ ਅੰਦਰ ਹੀ ਰਹਿੰਦਾ ਹੈ,ਅਤੇ ਰੂਪ ਰੇਖਾ ਤੋਂ ਨਿਆਰਾ ਹੈ:

ਜਾਕਉ ਜੋਗੀ ਖੋਜਤ ਹਾਰੇ ਪਾਇਓ ਨਾਹਿ ਤਿਹ ਪਾਰਾ।।

ਸੋ ਸੁਆਮੀ ਤੁਮ ਨਿਕਟ ਪਛਾਨੋ ਰੂਪ ਰੇਖਾ ਤੇ ਨਿਆਰਾ।।[1]

ਪਰਮਾਤਮਾ ਨਿਰਾਕਾਰ ਹੈ ਇਸ ਲਈ ਸਰਵ ਵਿਆਪਕ ਹੈ। ਸਰਬ ਵਿਆਪਕ ਹੈ ਤਾਂ ਮਨੁੱਖ ਦਾ ਪ੍ਰਭੂ ਪ੍ਰਾਪਤੀ ਲਈ ਜੰਗਲਾਂ ਵਿੱਚ ਭਟਕਣਾ ਉਸ ਦੀ ਅਗਿਆਨਤਾ ਦਾ ਹੀ ਪ੍ਰਤੀਕ ਹੈ। ਡਾ.ਭਾਰਤਬੀਰ ਕੌਰ ਸੰਧੂ ਅਨੁਸਾਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਪ੍ਰਾਣੀ ਦਾ ਤਿਆਗੀ ਬਣ ਕੇ, ਜੰਗਲਾਂ ਵਿੱਚ ਜਾ ਕੇ ਪਰਮਾਤਮਾ ਦੇ ਭਾਲ ਕਰਨ ਦੇ ਵਿਰੋਧੀ ਹਨ। ਗੁਰੂ ਸਾਹਿਬ ਦੀ ਬਾਣੀ ਵਿੱਚ ਪਰਮਾਰਥ ਅਤੇ ਮਨੁੱਖੀ ਅਭੇਦਤਾ ਦਾ ਪ੍ਰਵਚਨ ਸਿਰਜਿਆ ਗਿਆ ਹੈ ਜਿਸ ਦੀ ਪੇਸ਼ਕਾਰੀ ਲਈ 'ਪਹੁਪ' ਅਤੇ 'ਮੁਕਰ' ਦਾ ਚਿਹਨ ਪਰਮਾਤਮਾ ਦਾ ਅਤੇ 'ਬਾਸੁ' ਤੇ 'ਛਾਈ' ਦਾ ਚਿਹਨਕ ਜੀਵ ਆਤਮਾ ਦਾ ਚਿਹਨੀਕਰਨ ਕਰਦਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਅਨੁਸਾਰ -

ਕਾਹੇ ਰੇ ਬਨ ਖੋਜਨ ਜਾਈ।।

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।੧। ਰਹਾਉ।

ਪਹੁਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ।।

ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ।।[2]

ਅਰਥਾਤ ਹੇ ਮਨੁੱਖ! ਤੂੰ ਪਰਮਾਤਮਾ ਨੂੰ ਲੱਭਣ ਲਈ ਜੰਗਲਾਂ ਵਿੱਚ ਕਿਉਂ ਜਾਂਦਾ ਹੈ? ਪਰਮਾਤਮਾ ਹਰ ਤਰ੍ਹਾਂ ਦੇ ਪ੍ਰਭਾਵ ਤੋਂ ਨਿਰਲੇਪ ਤੇਰੇ ਅੰਗ ਅੰਗ ਹੀ ਵੱਸਦਾ ਹੈ। ਬਿਲਕੁੱਲ ਉਸੇ ਤਰ੍ਹਾਂ ਜਿਵੇਂ ਫੁੱਲ ਵਿੱਚ ਸੁਗੰਧੀ ਤੇ ਸ਼ੀਸ਼ੇ ਵਿਚ ਅਕਸ। ਇਸ ਲਈ ਪਰਮਾਤਮਾ ਨੂੰ ਆਪਣੇ ਹਿਰਦੇ ਵਿੱਚ ਹੀ ਖੋਜ।

ਗੁਰੂ ਜੀ ਅਨੁਸਾਰ ਇਸ ਨਿਰਾਕਾਰ ਬ੍ਰਹਮ ਦੇ ਨਾਲ ਮਿਲ ਕੇ ਹੀ ਜੀਵ ਆਤਮਾ ਮੁਕਤੀ ਪ੍ਰਾਪਤ ਕਰਦੀ ਹੈ। ਜਿਵੇਂ ਉੱਪਰ ਚਰਚਾ ਕੀਤੀ ਕਿ ਜੀਵ ਆਤਮਾ ਤੇ ਪਰਮਾਤਮਾ ਇੱਕ ਹੀ ਰੂਪ ਹਨ। ਅਗਿਆਨਤਾ ਵਸ ਆਤਮਾ ਆਪਣੇ ਆਪ ਨੂੰ ਸਰੀਰ ਸਮਝਣ ਦੀ ਭੁੱਲ ਕਰ ਬੈਠਦੀ ਹੈ ਤੇ ਅੰਗ ਸੰਗ ਵਸਦੇ ਪ੍ਰਭੂ ਨੂੰ ਭੁੱਲ ਕੇ ਬੰਧਨਾਂ ਵਿੱਚ ਪੈ ਜਾਂਦੀ ਹੈ ਇਸੇ ਕਰਕੇ ਗੁਰੂ ਸਾਹਿਬ ਆਪਣੀ ਬਾਣੀ ਅੰਦਰ ਤਾਕੀਦ ਕਰਦੇ ਹਨ ਕਿ -


© Copyright @ Authors

ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ।।

ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ।।[3]

ਪਰਮਾਤਮਾ ਅਟੱਲ ਸੱਚਾਈ ਹੈ। ਇਹ ਅਜਿਹੀ ਪਰਮ ਸੱਤਾ ਹੈ ਜਿਸ ਦੀ ਹੋਂਦ ਆਦਿ ਤੋਂ ਹੀ ਮੌਜੂਦ ਹੈ। ਜਦੋਂ ਇਹ ਸ੍ਰਿਸ਼ਟੀ ਹਾਲੇ ਵਜੂਦ ਵਿੱਚ ਨਹੀਂ ਆਈ ਸੀ ਪਰ ਬ੍ਰਹਮ ਦੀ ਹੋਂਦ ਓਦੋਂ ਵੀ ਇਸੇ ਤਰ੍ਹਾਂ ਬਰਕਰਾਰ ਸੀ। ਸ੍ਰਿਸ਼ਟੀ ਦੇ ਨਸ਼ਟ ਹੋ ਜਾਣ ਮਗਰੋਂ ਵੀ ਕੇਵਲ ਤੇ ਕੇਵਲ ਬ੍ਰਹਮ ਹੀ ਹੈ ਜਿਸ ਦੀ ਹੋਂਦ ਉਸੇ ਤਰ੍ਹਾਂ ਬਣੀ ਰਹਿੰਦੀ ਹੈ। ਬ੍ਰਹਮ ਦੇ ਸਾਹਵੇਂ ਸ੍ਰਿਸ਼ਟੀ ਦੀ ਇਸ ਛਿਨ ਭੰਗਰਤਾ ਬਾਰੇ ਗੁਰੂ ਜੀ ਫਰਮਾਉਂਦੇ ਹਨ ਕਿ –

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥

ਸਾਰੇ ਭਗਤੀਵਾਦ ਦਾ ਇਹ ਸਿਧਾਂਤ ਹੈ, ਕਿ ਮਨੁੱਖ ਦੇ ਜਨਮ ਦਾ ਮੁੱਖ ਉਦੇਸ਼ ਈਸ਼ਵਰ ਦੀ ਭਗਤੀ ਕਰਨਾ, ਉਸ ਦੇ ਨਾਮ ਦਾ ਕੀਰਤਨ ਕਰਨਾ, ਅਤੇ ਉਸਨੂੰ ਹਮੇਸ਼ਾਂ ਯਾਦ ਰੱਖਣਾ ਹੈ।ਭਗਤੀ ਦੁਆਰਾ ਹੀ ਮਨੁੱਖੀ ਜੀਵਨ ਦੀ ਸਫਲਤਾ ਮੰਨੀ ਜਾਂਦੀ ਹੈ। ਹੁਣ ਇਸ ਗੱਲ ਨੂੰ ਗਹਿਰਾਈ ਨਾਲ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਪਤਾ ਲੱਗਦਾ ਹੈ ਕਿ ਭਗਤੀ ਦੁਆਰਾ ਮਨੁੱਖੀ ਜੀਵਨ ਦੀ ਸਫਲਤਾ ਕਿਸ ਤਰ੍ਹਾਂ ਪ੍ਰਾਪਤ ਹੁੰਦੀ ਹੈ। ਗੁਰੂ ਜੀ ਮਨੁੱਖ ਨੂੰ ਪ੍ਰਸ਼ਨ ਕਰਦੇ ਹਨ ਕਿ ਹੇ ਮਨੁੱਖ ਕਿਹੜਾ ਹੀਲਾ ਕਰਨ ਤੇ ਜਮ ਦਾ ਡਰ ਹਿਰਦੇ ਵਿੱਚੋਂ ਬੁਰੀ ਤਰ੍ਹਾਂ ਮਿਟ ਸਕਦਾ ਹੈ?-

ਪ੍ਰਾਨੀ ਕਉਨੁ ਉਪਾਉ ਕਰੈ ॥

ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ ॥੧॥ ਰਹਾਉ ॥

ਅਤੇ ਉਹ ਕਿਹੜੀ ਵਿਦਿਆ ਜਾਂ ਧਾਰਮਿਕ ਕਰਮ ਹਨ ਜਿਨਾਂ ਨੂੰ ਕਰਨ ਸਦਕਾ ਮਨੁੱਖ ਸੰਸਾਰ ਸਾਗਰ ਤੋਂ ਪਾਰ ਹੋ ਸਕਦਾ ਹੈ–

ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ ॥

ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ ॥੧॥

ਫਿਰ ਆਪ ਹੀ ਆਪਣੀ ਬਾਣੀ ਅੰਦਰ ਮਨੁੱਖ ਨੂੰ ਇਹਨਾਂ ਸਵਾਲਾਂ ਦੇ ਜਵਾਬ ਦੇ ਕੇ ਬ੍ਰਹਮ ਨਾਲ ਨਾਤਾ ਜੋੜਨ ਵੱਲ ਸੇਧਿਤ ਕਰਦੇ ਹਨ–

ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥

ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥੨॥

ਅਰਥਾਤ ਕਿਰਪਾ ਦੇ ਖਜ਼ਾਨੇ ਪਰਮਾਤਮਾ ਦਾ ਨਾਮ ਹੀ ਜਗਤ ਵਿੱਚ ਉੱਚਾ ਸੁੱਚਾ ਹੈ ਜਿਸ ਨੂੰ ਜਿਹੜਾ ਵੀ ਮਨੁੱਖ ਜਪਦਾ ਹੈ, ਉਹ ਉੱਚੀ ਆਤਮਿਕ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਕਿਸੇ ਵੀ ਤਰ੍ਹਾਂ ਦੇ ਹੋਰ ਕਰਮ ਇਸ ਬ੍ਰਹਮ ਦੇ ਤੁਲ ਨਹੀਂ, ਵੇਦ ਵੀ ਇਹੀ ਜੁਗਤ ਸਮਝਾਉਂਦੇ ਆਏ ਹਨ।

ਨਿਰਾਕਾਰ ਪਰਮਾਤਮਾ ਸਭ ਤੋਂ ਉੱਚਾ ਤੇ ਅਜਿਹੀ ਨਿਰਲੇਪ ਸੱਤਾ ਹੈ ਜਿਸ ਨਾਲ ਜੋ ਵੀ ਮਨ ਦਾ ਨਾਤਾ ਜੋੜਦਾ ਹੈ ਉਸ ਦੇ ਵਰਗਾ ਉਹੀ ਰੂਪ ਹੋ ਜਾਂਦਾ ਹੈ–

ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥

ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥੩॥੫॥

ਭਾਵ ਕਿ ਹੇ ਭਾਈ! ਜੋ ਇਸ ਧਰਤੀ ਦਾ ਮਾਲਕ ਖ਼ਾਲਿਕ ਸੁਆਮੀ ਹੈ, ਉਹ ਸੁੱਖ ਦੁੱਖ ਤੋਂ ਨਿਰਲੇਪ ਰਹਿੰਦਾ ਹੈ, ਤੇਰੇ ਅੰਦਰ ਵੀ ਉਸੇ ਦਾ ਵਾਸ ਬਿਲਕੁੱਲ ਇਸ ਤਰ੍ਹਾਂ ਹੈ ਜਿਵੇਂ ਸ਼ੀਸ਼ੇ ਵਿਚ ਅਕਸ ਵੱਸਦਾ ਹੁੰਦਾ ਹੈ।

ਪਰੰਤੂ ਨਿਰਾਕਾਰ ਬ੍ਰਹਮ ਦੀ ਸੋਝੀ ਮਨੁੱਖ ਆਪਣੇ ਆਪ ਨਹੀਂ ਕਰ ਸਕਦਾ। ਮਾਇਆ ਵਿੱਚ ਲਿਪਤ ਮਨੁੱਖ ਵਿਕਾਰਾਂ ਵਿੱਚ ਘਿਰਿਆ ਹੋਇਆ, ਭੋਗਾਂ ਨੂੰ ਭੋਗਦਾ ਪਰੀਪੂਰਨ ਪਰਮਾਤਮਾ ਦੀ ਸੋਝੀ ਨਹੀਂ ਹਾਸਲ ਕਰ ਸਕਦਾ। ਇਸੇ ਸੰਦਰਭ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ ਹੈ–

ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥

ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥੨॥[1]

ਅਰਥਾਤ ਜੀਵ ਮਾਇਆ ਦੇ ਨਸ਼ੇ ਵਿੱਚ ਚੂਰ ਹੋਇਆ ਆਪਣੇ ਆਤਮਿਕ ਜੀਵਨ ਪੱਖੋਂ ਗਾਫਲ ਰਹਿੰਦਾ ਹੈ। ਇਹ ਗਾਫਲਤਾ ਹੀ ਉਸਦੀ ਅਗਿਆਨਤਾ ਦਾ ਕਾਰਨ ਹੈ। ਜਦ ਕਿ ਮਾਇਆ ਤੋਂ ਨਿਰਲੇਪ ਪਰਮਾਤਮਾ ਉਸਦੇ ਹਿਰਦੇ ਵਿੱਚ ਹੀ ਵਸਦਾ ਹੈ। ਗੁਰੂ ਜੀ ਅਨੁਸਾਰ ਇਸ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਬ੍ਰਹਮ ਦੀ ਸੋਝੀ ਉਦੋਂ ਹੀ ਸੰਭਵ ਹੈ ਜਦੋਂ ਮਨੁੱਖ ਗੁਰੂ ਦੀ ਸ਼ਰਨ ਵਿੱਚ ਜਾਂਦਾ ਹੈ। ਸ਼ਰਨ ਵਿੱਚ ਜਾਂਦਿਆਂ ਹੀ ਉਸ ਦੀ ਅਗਿਆਨਤਾ ਦਾ ਨਾਸ ਹੋ ਜਾਂਦਾ ਹੈ ਤੇ ਨਿਰਾਕਾਰ ਬ੍ਰਹਮ ਦੇ ਦਰਸ਼ਨ ਪ੍ਰਤੱਖ ਹੋ ਜਾਂਦੇ ਹਨ।

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥

ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥੩॥੭॥[11]

ਅਰਥਾਤ ਜਦੋਂ ਜੀਵ ਗੁਰੂ ਦੀ ਸ਼ਰਨ ਵਿੱਚ ਪੈਂਦਾ ਹੈ ਉਸੇ ਪਲ ਉਸ ਦੀ ਕੋਝੀ ਮਤਿ ਦਾ ਨਾਸ ਹੋ ਜਾਂਦਾ ਹੈ। ਕੋਝੀ ਮੱਤ ਦੇ ਨਾਸ ਹੋਣ ਉਪਰੰਤ ਪਰਮਾਤਮਾ ਦੀ ਸੋਝੀ ਹੁੰਦੀ ਹੈ ਤੇ ਜਿਸ ਦੇ ਫਲ ਸਰੂਪ ਜਮ ਦੀ ਫਾਹੀ ਭਾਵ ਜਨਮ ਮਰਨ ਦੇ ਚੱਕਰ ਤੋਂ ਜੀਵ ਆਤਮਾ ਦੀ ਖਲਾਸੀ ਹੋ ਜਾਂਦੀ ਹੈ। ਗੁਰੂ ਸ਼ਰਨ ਵਿੱਚ ਹੀ ਉਸਨੂੰ ਸਭ ਤੋਂ ਪਹਿਲਾਂ ਸੰਸਾਰ ਦੀ ਨਾਸ਼ਮਾਨਤਾ ਦਾ ਬੋਧ ਹੁੰਦਾ ਹੈ ਕਿ

ਰੇ ਨਰ ਇਹ ਸਾਚੀ ਜੀਅ ਧਾਰਿ ॥

ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥੧॥ ਰਹਾਉ ॥[12]

ਤੇ

ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥

ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥੧॥[13]

ਗੁਰੂ ਜੀ ਮਨੁੱਖ ਨੂੰ ਤਾਕੀਦ ਕਰਦੇ ਹਨ ਕਿ ਹੇ ਮਨੁੱਖ ਆਪਣੇ ਦਿਲ ਵਿੱਚ ਇਹ ਗੱਲ ਪੱਕੀ ਤਰਾਂ ਟਿਕਾ ਲੈ ਕਿ ਸਾਰਾ ਸੰਸਾਰ ਸੁਪਨੇ ਵਰਗਾ ਹੈ ਇਸ ਦੇ ਨਾਸ਼ ਹੁੰਦਿਆਂ ਚਿਰ ਨਹੀਂ ਲੱਗਦਾ। ਜਿਵੇਂ ਕਿਸੇ ਨੇ ਰੇਤ ਦੀ ਕੰਧ ਉਸਾਰ ਕੇ ਪੋਚ ਕੇ ਤਿਆਰ ਕੀਤੀ ਹੋਵੇ, ਪਰ ਕੰਧ ਚਾਰ ਦਿਨ ਵੀ ਨਹੀਂ ਟਿਕੀ ਰਹਿ ਸਕਦੀ। ਜਿੱਥੇ ਸੰਸਾਰ ਨਾਸ਼ਮਾਨ ਹੈ ਉੱਥੇ ਇਸ ਵਿਚਲੀ ਮਾਇਆ ਵੀ ਥੋੜ ਚਿਰੀ ਹੈ। ਮਾਇਆ ਦੇ ਸੁੱਖ ਵੀ ਉਸੇ ਕੰਧ ਵਾਂਗ ਜਲਦ ਹੀ ਖਿੰਡ ਪੁੰਡ ਜਾਂਦੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅੰਦਰ ਬ੍ਰਹਮ ਦਾ ਸਰੂਪ ਵੱਖਰੇ ਵੱਖਰੇ ਰੂਪਾਂ ਵਿੱਚ ਪੇਸ਼ ਹੋਇਆ ਹੈ। ਇਨਾਂ ਨੂੰ ਸਮਝਣ ਲਈ ਗੁਰੂ ਸਾਹਿਬ ਜੀ ਦੀ ਬਾਣੀ ਹੀ ਦਰਕਾਰ ਹੈ। ਜਿਵੇਂ ਗੁਰੂ ਜੀ ਅਨੁਸਾਰ ਦੁਨਿਆਵੀ ਰਿਸ਼ਤੇ ਤੇ ਸਾਂਝਾਂ ਵੀ ਦੁੱਖ ਦਾ ਕਾਰਨ ਹਨ ਕਿਉਂਕਿ ਕੋਈ ਵੀ ਸੰਸਾਰਿਕ ਰਿਸ਼ਤਾ ਤੋੜ ਨਿਭਣ ਵਾਲਾ ਨਹੀਂ ਹੁੰਦਾ। ਗੁਰੂ ਜੀ ਅਨੁਸਾਰ-

ਇਹ ਜਗਿ ਮੀਤੁ ਨ ਦੇਖਿਓ ਕੋਈ।।

ਸਗਲ ਜਗਤੁ ਅਪਨੈ ਸੁਖਿ ਲਗਿਓ ਦੁਖ ਮੈ ਸੰਗਿ ਨ ਹੋਈ।।[1]

ਕਿ ਦੁੱਖ ਵਿੱਚ ਕੋਈ ਵੀ ਮਨੁੱਖ ਦਾ ਸਾਥੀ ਨਹੀਂ ਬਣਦਾ ਉਸਦੇ ਪਿੱਛੇ ਕਾਰਨ ਇਹ ਹੈ ਕਿ ਸਭ ਸਾਥ ਕੇਵਲ ਧਨ ਦੌਲਤ ਨਾਲ ਪਿਆਰ ਕਰਦੇ ਹਨ-

ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥

ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥੧॥[1]

ਇਸਤਰੀ, ਮਿੱਤਰ, ਪੁੱਤਰ ਤੇ ਰਿਸ਼ਤੇਦਾਰ ਸਭ ਸਾਥ ਛੱਡ ਜਾਣ ਵਾਲੇ ਹਨ ਪ੍ਰੰਤੂ ਬ੍ਰਹਮ ਨਿਰਾਕਾਰ ਮਨੁੱਖ ਦਾ ਸੱਚਾ ਮਿੱਤਰ ਹੈ।

ਨਾਨਕ ਭਉਜਲ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ।।[1]

ਪ੍ਰਭੂ ਭਗਤ ਰਾਹੀ ਵੀ ਬ੍ਰਹਮ ਦੇ ਸਰੂਪ ਦੀ ਪੇਸ਼ਕਾਰੀ ਬਾਣੀ ਅੰਦਰ ਪ੍ਰਾਪਤ ਹੁੰਦੀ ਹੈ। ਰਾਮਦਾਸ ਨਿਰਾਕਾਰੀ ਦੇ ਸ਼ਬਦਾਂ ਅਨੁਸਾਰ, ਸ੍ਰੀ ਗੁਰੂ ਤੇਗ ਬਹਾਦਰ ਜੀ ਭਗਤ ਅਤੇ ਭਗਵਾਨ ਵਿਚ ਕੋਈ ਭੇਦ ਨਹੀਂ ਸਮਝਦੇ, ਅਤੇ ਇਹ ਕਹਿੰਦੇ ਹਨ, ਕਿ ਹਰ ਅਤੇ ਹਰਿ ਦੇ ਭਗਤਾਂ ਵਿਚ ਕੋਈ ਭੇਦ ਨਹੀਂ, ਅਤੇ ਇਸ ਗੱਲ ਨੂੰ ਉਹ ਸੱਚੀ ਗੱਲ ਕਹਿੰਦੇ ਹਨ; ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਜਿਸ ਹਿਰਦੇ ਵਿਚ ਰਾਮ ਦਾ ਸਿਮਰਨ ਹੁੰਦਾ ਰਹਿੰਦਾ ਹੈ ਅਤੇ ਉਸ ਆਦਮੀ ਨੂੰ ਜੀਵਨ ਵਿਚ ਹੀ ਮੁਕਤ ਸਮਝਣਾ ਚਾਹੀਦਾ ਹੈ, ਕਿਉਂਕਿ ਉਸ ਨਰ ਵਿਚ ਅਤੇ ਹਰਿ ਵਿਚ ਕੋਈ ਅੰਤਰ ਨਹੀਂ ।[1]

ਇਸ ਗੱਲ ਨੂੰ ਵੀ ਸੱਚ ਮੰਨਿਆ ਗਿਆ ਹੈ :-

"ਜੋ ਪ੍ਰਾਨੀ ਨਿਸਿਦਿਨਿ ਭਜੇ ਰੂਪ ਨਾਮ ਤਿਹ ਜਾਨੁ ॥

ਹਰਿ ਜਨਿ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ।"[1]

ਤੇ

"ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ।


© Copyright @ Authors

ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥"[1]

ਇਸ ਤਰ੍ਹਾਂ ਉਪਰੋਕਤ ਚਰਚਾ ਤੋਂ ਬਾਅਦ ਅਸੀਂ ਇਸ ਸਿੱਟੇ ਉੱਤੇ ਪਹੁੰਚਦੇ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅੰਦਰ ਬ੍ਰਹਮ ਦਾ ਸਰੂਪ ਵੱਖੋ ਵੱਖਰੇ ਢੰਗਾਂ ਨਾਲ ਪੇਸ਼ ਹੋਇਆ ਮਿਲਦਾ ਹੈ। ਗੁਰੂ ਜੀ ਅਨੁਸਾਰ ਬ੍ਰਹਮ ਨਿਰਾਕਾਰ ਰੂਪ ਹੈ। ਇਹ ਮਨੁੱਖ ਦੇ ਚਾਰੇ ਪਾਸੇ ਅੰਦਰ ਬਾਹਰ ਬਿਰਾਜਮਾਨ ਹੈ। ਬ੍ਰਹਮ ਰੂਪ ਰੇਖਾ ਅਤੇ ਚਿਹਨ ਚੱਕਰ ਤੋਂ ਨਿਆਰਾ ਹੈ। ਇਸ ਨੂੰ ਦੂਰ ਜੰਗਲਾਂ ਵਿੱਚ ਖੋਜਣਾ ਮਨੁੱਖ ਦੀ ਅਗਿਆਨਤਾ ਦਾ ਹੀ ਪ੍ਰਤੀਕ ਹੈ। ਪਰਮਾਤਮਾ ਮਨੁੱਖ ਦੇ ਹਿਰਦੇ ਅੰਦਰ ਵਾਸ ਕਰਦਾ ਹੈ। ਪ੍ਰਾਣੀ ਜੀਵਨ ਅੰਦਰ ਇਸ ਬ੍ਰਹਮ ਦੀ ਪ੍ਰਾਪਤੀ ਲਈ ਅਨੇਕਾਂ ਕਰਮਕਾਂਡ ਅਤੇ ਯਤਨ ਕਰਦੇ ਹਨ। ਪ੍ਰੰਤੂ ਇਸ ਬ੍ਰਹਮ ਦੀ ਸੋਝੀ ਕੇਵਲ ਤੇ ਕੇਵਲ ਗੁਰੂ ਦੀ ਸ਼ਰਨ ਵਿੱਚ ਪਿਆਂ ਹੀ ਸੰਭਵ ਹੁੰਦੀ ਹੈ। ਮਾਇਆ ਵਿੱਚ ਲਿਪਤ ਮਨੁੱਖ ਗਫਲਤ ਦੀ ਨੀਂਦ ਵਿੱਚ ਸੁੱਤਾ ਆਪਣੇ ਇਸ ਰੂਪ ਤੋਂ ਨਾ ਵਾਕਿਫ਼ ਹੋਣ ਕਰਕੇ ਹੀ ਦੁੱਖਾਂ ਵਿੱਚ ਘਿਰਿਆ ਰਹਿੰਦਾ ਹੈ। ਇਹੀ ਕਾਰਨ ਹੈ ਕਿ ਜੀਵ ਆਤਮਾ ਮੁਕਤ ਨਾ ਹੋ ਕੇ ਜਮ ਦੀ ਫਾਹੀ ਆਪਣੇ ਗਲ ਵਿੱਚ ਪਾ ਲੈਂਦੀ ਹੈ। ਨਾਸ਼ਮਾਨ ਸੰਸਾਰ ਨੂੰ ਸੱਚ ਮੰਨਣ ਦੀ ਗਲਤੀ ਹੀ ਉਸਨੂੰ ਬ੍ਰਹਮ ਤੋਂ ਅਬੋਧ ਰੱਖਦੀ ਹੈ। ਗੁਰੂ ਜੀ ਅਨੁਸਾਰ ਬ੍ਰਹਮ ਨੂੰ ਜਾਨਣ ਵਾਲੀ ਜੀਵ ਆਤਮਾ ਵੀ ਬ੍ਰਹਮ ਦਾ ਹੀ ਰੂਪ ਹੋ ਜਾਂਦੀ ਹੈ ਜਿਵੇਂ ਬੂੰਦ ਸਾਗਰ ਵਿੱਚ ਮਿਲਣ ਉਪਰੰਤ ਸਾਗਰ ਦਾ ਹੀ ਰੂਪ ਹੋ ਜਾਂਦੀ ਹੈ।

**ਹਵਾਲੇ ਤੇ ਟਿੱਪਣੀਆਂ**

1. ਤਾਰਨ ਸਿੰਘ (ਸੰਪਾ.), ਗੁਰੂ ਤੇਗ਼ ਬਹਾਦਰ ਸ਼ਹੀਦੀ - ਅੰਕ ਨਾਨਕ ਪ੍ਰਕਾਸ਼ ਪੱਤ੍ਰਿਕਾ (ਜੂਨ - ਦਸੰਬਰ 1975), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ,1995, ਪੰਨਾ ਨੰ. 39)
2. ਡਾ. ਭਾਰਤਬੀਰ ਕੌਰ ਸੰਧੂ, ਸ੍ਰੀ ਗੁਰੂ ਤੇਗ਼ ਬਹਾਦਰ ਬਾਣੀ ਦਾ ਚਿਹਨ ਪ੍ਰਬੰਧ, ਲੋਕਗੀਤ ਪ੍ਰਕਾਸ਼ਨ,2010, ਪੰਨਾ ਨੰ. 94)
3. ਸ੍ਰੀ ਆਦਿ ਗ੍ਰੰਥ ਪੰਨਾ ਨੰ. 220
4. -ਓਹੀ-,ਪੰਨਾ ਨੰ. 1427
5. ਤਾਰਨ ਸਿੰਘ (ਸੰਪਾ.), ਗੁਰੂ ਤੇਗ਼ ਬਹਾਦਰ ਸ਼ਹੀਦੀ - ਅੰਕ ਨਾਨਕ ਪ੍ਰਕਾਸ਼ ਪੱਤ੍ਰਿਕਾ (ਜੂਨ - ਦਸੰਬਰ 1975), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ,1995, ਪੰਨਾ ਨੰ. 41)
6. ਸ੍ਰੀ ਆਦਿ ਗ੍ਰੰਥ ਪੰਨਾ ਨੰ. 632
7. -ਓਹੀ-,ਪੰਨਾ 632
8. -ਓਹੀ-,ਪੰਨਾ 632
9. -ਓਹੀ-,ਪੰਨਾ 632
10. -ਓਹੀ-,ਪੰਨਾ 633
11. -ਓਹੀ-,ਪੰਨਾ 633
12. -ਓਹੀ-,ਪੰਨਾ 633
13. -ਓਹੀ-,ਪੰਨਾ 633
14. -ਓਹੀ-,ਪੰਨਾ 633
15. -ਓਹੀ-,ਪੰਨਾ 633
16. ਸ੍ਰੀ ਆਦਿ ਗ੍ਰੰਥ ਪੰਨਾ ਨੰ. 536
17. ਤਾਰਨ ਸਿੰਘ (ਸੰਪਾ.), ਗੁਰੂ ਤੇਗ਼ ਬਹਾਦਰ ਸ਼ਹੀਦੀ - ਅੰਕ ਨਾਨਕ ਪ੍ਰਕਾਸ਼ ਪੱਤ੍ਰਿਕਾ (ਜੂਨ - ਦਸੰਬਰ 1975), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ,1995, ਪੰਨਾ ਨੰ. 41)
18. ਸ੍ਰੀ ਆਦਿ ਗ੍ਰੰਥ ਪੰਨਾ ਨੰ. 1427
19. -ਓਹੀ-,ਪੰਨਾ ਨੰ. 1428


© Copyright @ Authors